BRAMPTON

Media Release

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਨੇ ਭਵਿੱਖ ਲਈ ਨੀਂਹ ਤਿਆਰ ਕਰਨ ਵਾਲੇ, 2023 ਦੇ ਬਜਟ ਨੂੰ ਪ੍ਰਵਾਨਗੀ ਦਿੱਤੀ

ਬ੍ਰੈਂਪਟਨ, ਓਨਟੈਰੀਓ (10 ਮਾਰਚ, 2023) – ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ, ਕੱਲ੍ਹ ਖਾਸ ਕਾਉਂਸਿਲ ਮੀਟਿੰਗ ਵਿੱਚ, ਸਰਬਸੰਮਤੀ ਨਾਲ 2023 ਦੇ ਓਪਰੇਟਿੰਗ ਅਤੇ ਕੈਪੀਟਲ ਬਜਟਾਂ (2023 Operating and Capital Budgets) ਨੂੰ ਪ੍ਰਵਾਨਗੀ ਦਿੱਤੀ।

ਪ੍ਰਵਾਨ ਕੀਤੇ ਬਜਟ ਵਿੱਚ ਸ਼ਾਮਲ ਹੈ, ਇਤਿਹਾਸਕ ਸਿਹਤ ਦੇਖਭਾਲ ਨਿਵੇਸ਼ਾਂ ਤੇ ਅਧਾਰਤ ਅਤੇ ਇਹਨਾਂ ਦੀ ਸਹਾਇਤਾ ਨੂੰ ਜਾਰੀ ਰੱਖਦੇ ਹੋਏ, ਕੈਪੀਟਲ ਪ੍ਰੋਜੈਕਟਾਂ ਵਿੱਚ 496 ਮਿਲੀਅਨ ਡਾਲਰ ਦਾ ਨਿਵੇਸ਼ ਅਤੇ ਰਾਖਵੀਂ ਪੂੰਜੀ ਲਈ 134 ਮਿਲੀਅਨ ਡਾਲਰ ਦਾ ਦੂਜਾ ਰਿਕਾਰਡ ਯੋਗਦਾਨ, ਇੱਕ ਦੂਜੇ ਹਸਪਤਾਲ ਅਤੇ ਇੱਕ ਨਵੇਂ ਕੈਂਸਰ ਕੇਅਰ ਸੈਂਟਰ ਸਮੇਤ।

845 ਮਿਲੀਅਨ ਡਾਲਰ ਦੇ ਪ੍ਰਵਾਨ ਕੀਤੇ ਓਪਰੇਟਿੰਗ ਬਜਟ ਦੇ ਨਤੀਜੇ ਵਜੋਂ, ਪ੍ਰਾਪਰਟੀ ਟੈਕਸ ਬਿਲ ਦੇ ਸਿਟੀ ਦੇ ਹਿੱਸੇ ਤੇ ਸਿਟੀ ਦੀਆਂ ਸੇਵਾਵਾਂ ਲਈ 2.9 ਪ੍ਰਤੀਸ਼ਤ ਦਾ ਵਾਧਾ, ਜਾਂ ਪ੍ਰਤੀ ਔਸਤ ਪਰਿਵਾਰ 177 ਡਾਲਰ ਦੇ ਬਰਾਬਰ ਹੈ। ਇਹ ਰੀਜਨ ਆਫ ਪੀਲ (Region of Peel) ਦੇ 2.8 ਪ੍ਰਤੀਸ਼ਤ ਅਤੇ ਸਕੂਲ ਬੋਰਡਾਂ (School Boards) ਦੇ 0 ਪ੍ਰਤੀਸ਼ਤ ਦੇ ਵਾਧਿਆਂ ਨੂੰ ਮਿਲਾ ਕੇ। ਕੁੱਲ ਪ੍ਰਾਪਰਟੀ ਟੈਕਸ ਵਾਧਾ, ਬ੍ਰੈਂਪਟਨ ਵਿੱਚ ਔਸਤ ਘਰੇਲੂ ਰਿਹਾਇਸ਼ੀ ਪ੍ਰਾਪਰਟੀ ਤੇ 321 ਡਾਲਰ ਦੇ ਬਰਾਬਰ ਹੈ।

**2023 ਦੇ ਬਜਟ ਦੀਆਂ ਝਲਕੀਆਂ**

*ਇੰਫਰਾਸਟ੍ਰਕਚਰ ਸਬੰਧੀ ਯੋਗਦਾਨ*

- ਡਾਊਨਟਾਊਨ ਦੇ ਪੁਨਰ ਨਿਰਮਾਣ ਲਈ ਤਿੰਨ ਸਾਲਾਂ ਵਿੱਚ 21 ਮਿਲੀਅਨ ਡਾਲਰ
- ਸਾਬਕਾ ਫੌਜੀਆਂ ਅਤੇ ਫਸਟ ਰਿਸਪਾਂਡਰਾਂ ਲਈ ਪ੍ਰੋਗਰਾਮ ਸਥਾਨ ਵਾਲਾ, ਐਨਵਾਇਰਨਮੈਂਟਲ ਐਜੂਕੇਸ਼ਨ ਸੈਂਟਰ / ਐਨੀਮਲ ਸ਼ੈਲਟਰ (Environmental Education Centre / Animal Shelter) ਬਣਾਉਣ ਲਈ 3.5 ਮਿਲੀਅਨ ਡਾਲਰ
- ਕਲਾ ਅਤੇ ਸੱਭਿਆਚਾਰਕ ਕੇਂਦਰ ਵਾਸਤੇ 2.6 ਮਿਲੀਅਨ ਡਾਲਰ

*ਹੈਲਥ ਕੇਅਰ: ਸਾਡਾ ਉਚਿਤ ਹਿੱਸਾ*

- ਬ੍ਰੈਂਪਟਨ ਲਈ ਦੂਜੇ ਹਸਪਤਾਲ ਦੀ ਉਸਾਰੀ ਵਿੱਚ ਸਹਾਇਤਾ ਲਈ ਹਸਪਤਾਲ ਉਗਰਾਹੀ (ਲੈਵੀ) ਜਾਰੀ ਰੱਖਣਾ ਅਤੇ ਇੱਕ ਨਵਾਂ ਕੈਂਸਰ ਕੇਅਰ ਸੈਂਟਰ
- 4.9 ਮਿਲੀਅਨ ਡਾਲਰ ਦਾ ਸਾਲਾਨਾ ਯੋਗਦਾਨ
- ਨਵੇਂ ਟੋਰੋਂਟੋ ਮੈਟਰੋਪੋਲੀਟਨ ਯੂਨੀਵਰਸਿਟੀ (Toronto Metropolitan University) ਮੈਡੀਕਲ ਸਕੂਲ ਲਈ 20 ਮਿਲੀਅਨ ਡਾਲਰ ਦੀ ਸਹਾਇਤਾ

*ਟ੍ਰਾਂਜ਼ਿਟ ਅਤੇ ਜਲਵਾਯੂ ਸਬੰਧੀ ਤਬਦੀਲੀ*

- ਬ੍ਰੈਂਪਟਨ ਦੀ ਨਵੀਂ ਤੀਜੀ ਟ੍ਰਾਂਜ਼ਿਟ ਫੈਸਿਲਿਟੀ ਦੇ ਇਲੈਕਟ੍ਰੀਫਿਕੇਸ਼ਨ ਅਤੇ ਬ੍ਰੈਂਪਟਨ ਦੀ ਮੌਜੂਦਾ ਸੈਂਡਲਵੁੱਡ (Sandalwood) ਟ੍ਰਾਂਜ਼ਿਟ ਫੈਸਿਲਿਟੀ ਦੇ ਇਲੈਕਟ੍ਰੀਫਿਕੇਸ਼ਨ ਰੈਟਰੋਫਿਟ ਲਈ 210 ਮਿਲੀਅਨ ਡਾਲਰ
- ਚਿੰਗਕੂਜ਼ੀ ਰੋਡ (Chinguacousy Road) ਕੋਰੀਡੋਰ ਦੇ ਨਾਲ-ਨਾਲ, ਜ਼ੂਮ (Züm) ਸੇਵਾ ਵਿਸਤਾਰ ਲਈ 15.4 ਮਿਲੀਅਨ ਡਾਲਰ

*ਕਮਿਊਨਿਟੀ ਦੀ ਸੁਰੱਖਿਆ ਅਤੇ ਤੰਦਰੁਸਤੀ*

- 24 ਨਵੇਂ ਫੁਲ-ਟਾਈਮ ਫਾਇਰਫਾਈਟਰਸ
- ਕਮਿਊਨਿਟੀ ਸੇਫਟੀ ਐਕਸ਼ਨ ਪਲਾਨ (Community Safety Action Plan) ਪ੍ਰਦਾਨ ਕਰਨ ਲਈ 650,000 ਡਾਲਰ ਤੋਂ ਵੱਧ
- ਨਵੇਂ ਫਾਇਰ ਉਪਕਰਨ ਅਤੇ ਵਾਹਨਾਂ ਲਈ 8 ਮਿਲੀਅਨ ਡਾਲਰ
- ਟ੍ਰੈਫਿਕ ਨੂੰ ਘੱਟ ਕਰਨ ਦੇ ਉਪਾਵਾਂ ਲਈ 1.2 ਮਿਲੀਅਨ ਡਾਲਰ

*ਪਾਰਕਸ ਅਤੇ ਰੇਕ੍ਰੀਏਸ਼ਨ*

- ਹੋਡਨ ਰੇਕ੍ਰੀਏਸ਼ਨ ਸੈਂਟਰ (Howden Recreation Centre) ਨੂੰ ਪੁਨਰ ਵਿਕਸਿਤ ਕਰਨ ਲਈ 24 ਮਿਲੀਅਨ ਡਾਲਰ, ਇੱਕ ਨਵੇਂ ਸਪੋਰਟਸ ਫੀਲਡ ਦੀ ਉਸਾਰੀ ਸਮੇਤ
- ਗੋਰ ਮੇਡੋਜ (Gore Meadows) ਵਿਖੇ ਕ੍ਰਿਕੇਟ, ਸੌਕਰ, ਟੈਨਿਸ ਫੀਲਡ ਅਤੇ ਬਿਲਡਿੰਗਾਂ ਵਿਕਸਿਤ ਕਰਨ ਲਈ 9 ਮਿਲੀਅਨ ਡਾਲਰ
- ਸਿਟੀ ਦੇ ਵਨ ਮਿਲੀਅਨ ਟ੍ਰੀਜ (One Million Trees) ਪ੍ਰੋਗਰਾਮ ਦੀ ਹਿਮਾਇਤ ਕਰਦੇ ਹੋਏ, ਅਰਬਨ ਫੋਰੈਸਟ ਕੈਨੋਪੀ ਪ੍ਰੋਗਰਾਮ (Urban Forest Canopy Program) ਲਈ 1.2 ਮਿਲੀਅਨ ਡਾਲਰ
- ਸ਼ਹਿਰ ਵਿੱਚ ਮੌਜੂਦਾ ਅਤੇ ਨਵੇਂ ਪਾਰਕਾਂ ਲਈ 13.25 ਮਿਲੀਅਨ ਡਾਲਰ

*ਸਾਡੀ ਕਮਿਊਨਿਟੀ ਦੁਆਰਾ ਨਿਰਧਾਰਤ*

ਸਿਟੀ ਨੇ, ਵੱਖ-ਵੱਖ ਮਾਧਿਅਮਾਂ ਦੁਆਰਾ ਪੂਰਾ ਸਾਲ ਫੀਡਬੈਕ ਇਕੱਤਰ ਕੀਤਾ, ਜਿਸਨੇ ਸਿਟੀ ਦਾ ਬਜਟ ਬਣਾਉਣ ਵਿੱਚ ਮਦਦ ਕੀਤੀ:

- 311 ਫੋਨ ਕਾਲਾਂ, ਈਮੇਲਾਂ, ਸੋਸ਼ਲ ਮੀਡੀਆ
- 23 ਫਰਵਰੀ ਨੂੰ ਵੱਖ-ਵੱਖ ਖੇਤਰਾਂ ਦੀ ਨੁਮਾਇੰਦਗੀ ਕਰਦੇ ਹੋਏ 24 ਭਾਗੀਦਾਰਾਂ ਦੇ ਨਾਲ ਬਿਜਨੇਸ ਵਰਚੁਅਲ (ਅਭਾਸੀ) ਰਾਊਂਡਟੇਬਲ
- ਬਜਟ-ਵਿਸ਼ੇਸ਼ ਟੈਲੀਫੋਨ ਟਾਊਨ ਹਾਲ, ਜਿਹਨਾਂ ਵਿੱਚ 7 ਫਰਵਰੀ ਨੂੰ 8,375 ਭਾਗੀਦਾਰ ਅਤੇ 25 ਫਰਵਰੀ ਨੂੰ 5,492 ਭਾਗੀਦਾਰ ਸ਼ਾਮਲ ਹੋਏ

ਸਿਟੀ ਆਫ ਬ੍ਰੈਂਪਟਨ ਦੇ 2023 ਦੇ ਬਜਟ ਬਾਰੇ ਵਧੇਰੇ ਜਾਣਕਾਰੀ ਲਈ, [www.brampton.ca/budget](http://www.brampton.ca/budget) ਤੇ ਜਾਓ।

**ਹਵਾਲੇ**

"ਸਾਡਾ 2023 ਦਾ ਬਜਟ, ਵਾਧੇ ਲਈ ਸੰਤੁਲਿਤ ਦ੍ਰਿਸ਼ਟੀਕੋਣ ਹੈ, ਜਿੱਥੇ ਅਸੀਂ ਸਾਡੇ ਭਵਿੱਖ ਲਈ ਠੋਸ ਨੀਂਹ ਤਿਆਰ ਕਰਦੇ ਹੋਏ ਆਪਣੇ ਸਾਮ੍ਹਣੇ ਮੌਜੂਦ ਪਰਿਵਰਤਨਕਾਰੀ ਮੌਕਿਆਂ ਤੇ ਕੰਮ ਕਰ ਰਹੇ ਹਾਂ। ਅਸੀਂ ਵੱਧ ਸਿਹਤਮੰਦ ਅਤੇ ਸ਼ਮੂਲੀਅਤ ਵਾਲੀ ਕਮਿਊਨਿਟੀਜ ਬਣਾਉਣ ਅਤੇ ਰਾਖਵੀਂ ਪੂੰਜੀ ਵਿੱਚ ਰਿਕਾਰਡ ਯੋਗਦਾਨਾਂ, ਟ੍ਰਾਂਜ਼ਿਟ ਲਈ ਵੱਧ ਸਹਾਇਤਾ ਅਤੇ ਲੋਕਲ ਹੈਲਥਕੇਅਰ ਫੰਡਿੰਗ ਵਿੱਚ ਇਤਿਹਾਸਕ ਨਿਵੇਸ਼ ਕਰਨ ਲਈ ਵਚਨਬੱਧ ਹਾਂ, ਕਿਉਂਕਿ ਅਸੀਂ ਨਵੇਂ ਪੀਲ ਮੈਮੋਰੀਅਲ ਹਸਪਤਾਲ ਅਤੇ ਕੈਂਸਰ ਸੈਂਟਰ ਤੇ ਕੰਮ ਕਰ ਰਹੇ ਹਾਂ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ; ਚੇਅਰ, ਬਜਟ ਕਮੇਟੀ, ਸਿਟੀ ਆਫ ਬ੍ਰੈਂਪਟਨ*

"ਸਾਰੇ ਨਿਵਾਸੀਆਂ ਲਈ, ਇਹ ਅਜਿਹਾ ਬਜਟ ਹੈ, ਜੋ ਜ਼ਿੰਮੇਵਾਰੀ ਵਾਲਾ ਦ੍ਰਿਸ਼ਟੀਕੋਣ ਲਿਆਉਂਦਾ ਹੈ; ਅਜਿਹਾ ਬਜਟ, ਜੋ ਜੀ.ਟੀ.ਏ. (GTA) ਮਿਊਨਿਸਿਪਲਟੀਜ ਵਿੱਚ ਸਾਡੀ ਮੁਕਾਬਲੇ ਦੀ ਸਮਰੱਥਾ ਨੂੰ ਮਜ਼ਬੂਤ ਬਣਾਉਂਦਾ ਹੈ। ਸਿਟੀ ਦੇ ਸਟਾਫ ਨੇ ਇਹ ਯਕੀਨੀ ਬਣਾਉਣ ਲਈ ਬਹੁਤ ਮੇਹਨਤ ਕੀਤੀ ਹੈ ਕਿ ਚਾਰ ਸਾਲ ਤੱਕ ਟੈਕਸ ਵਿੱਚ ਕੋਈ ਵਾਧੇ ਨਾ ਹੋਣ ਤੋਂ ਬਾਅਦ, ਅਸੀਂ ਉਹ ਯੋਜਨਾ ਪ੍ਰਦਾਨ ਕਰਨਾ ਜਾਰੀ ਰੱਖਿਆ ਹੈ, ਜੋ ਜਾਇਜਾ ਲੈਂਦੀ ਹੈ ਅਤੇ ਸਹੀ ਮਾਇਨੇ ਨਾਲ ਬ੍ਰੈਂਪਟਨ ਦੇ ਵਸਨੀਕਾਂ ਅਤੇ ਕਾਰੋਬਾਰੀਆਂ ਦੀਆਂ ਜ਼ਿੰਦਗੀਆਂ ਵਿੱਚ ਵਾਧਾ ਕਰਦੀ ਹੈ।"

- *ਪਾਲ ਵਿਸੇਂਟ (Paul Vicente), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਵਾਈਸ ਚੇਅਰ, ਬਜਟ ਕਮੇਟੀ, ਸਿਟੀ ਆਫ ਬ੍ਰੈਂਪਟਨ*

"ਸਿਟੀ ਦਾ 2023 ਦਾ ਬਜਟ, ਬ੍ਰੈਂਪਟਨ ਦੇ ਭਵਿੱਖ ਲਈ ਨੀਂਹ ਤਿਆਰ ਕਰਦਾ ਹੈ। ਅਸੀਂ ਸਾਰਿਆਂ ਲਈ ਆਧੁਨਿਕ, ਸ਼ਮੂਲੀਅਤ ਵਾਲੀਆਂ, ਸੁਰੱਖਿਅਤ ਅਤੇ ਸਿਹਤਮੰਦ ਕਮਿਉਨਿਟੀਜ ਬਣਾ ਰਹੇ ਹਾਂ, ਜੋ ਆਉਣ ਵਾਲੇ ਸਾਲਾਂ ਵਿੱਚ ਵਸਨੀਕਾਂ ਦੇ ਅਨੰਦ ਮਾਣਨ ਵਾਸਤੇ, ਇੰਫਰਾਸਟ੍ਰਕਚਰ, ਫਾਇਰ, ਟ੍ਰਾਂਜ਼ਿਟ ਅਤੇ ਕਈ ਸਹੂਲਤਾਂ ਵਿੱਚ ਸਾਡੇ ਨਿਵੇਸ਼ਾਂ ਵੱਲੋਂ ਸਮਰਥਿਤ ਹੈ। ਸਾਡੇ ਬਜਟ ਦੀ ਯੋਜਨਾ ਬਣਾਉਣ ਸਮੇਤ ਅਸੀਂ ਜੋ ਕਰਦੇ ਹਾਂ, ਲੋਕ ਉਸਦਾ ਮੁੱਖ ਕੇਂਦਰ ਹੁੰਦੇ ਹਨ, ਜਿੱਥੇ ਅਸੀਂ ਵਸਨੀਕਾਂ ਦੀਆਂ ਮੁੱਖ ਤਿੰਨ ਚਿੰਤਾਵਾਂ ਤੇ ਧਿਆਨ ਕੇਂਦਰਿਤ ਰੱਖਿਆ ਹੈ: ਹੈਲਥਕੇਅਰ, ਸੁਰੱਖਿਆ ਅਤੇ ਘੱਟ ਟੈਕਸ।"

- *ਮਾਰਲੋਨ ਕੈਲੀਡੀਨ (Marlon Kallideen), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca